9

# ਅੰਕੜੇ

## ਉਦੇਸ਼

- ਵੱਖ ਵੱਖ ਵਸਤੂਆਂ ਦੇ ਸਮੂਹ ਵਿੱਚੋਂ ਇੱਕੋ ਤਰ੍ਹਾਂ ਦੀਆਂ ਵਸਤੂਆਂ ਦੀ ਪਹਿਚਾਣ ਕਰਕੇ (ਛਾਂਟ ਕੇ) ਅੰਕੜੇ ਇਕੱਤਰ ਕਰਨਾ।
- ਅੰਕੜਿਆਂ ਨੂੰ ਦਰਸਾਉਣਾ ਅਤੇ ਉਹਨਾਂ ਬਾਰੇ ਵਿਆਖਿਆ ਕਰਨੀ।
- ਵੱਧ ਅਤੇ ਘੱਟ ਦੀ ਸਮਝ ਨੂੰ ਵਿਕਸਿਤ ਕਰਨਾ।
- ਗਿਣਤੀ ਕਰਨ ਦੇ ਮੌਕੇ ਪ੍ਰਦਾਨ ਕਰਨਾ।

### ਗਤੀਵਿਧੀ

ਅਧਿਆਪਕ ਜਮਾਤ ਵਿੱਚ ਬੱਚਿਆਂ ਨਾਲ ਉਹਨਾਂ ਦੇ ਬਸਤੇ ਵਿੱਚ ਮੌਜੂਦ ਵਸਤੂਆਂ ਬਾਰੇ ਗੱਲਬਾਤ ਕਰਦੇ ਹਨ।





ਬੱਚਿਓ ! ਹੁਣ ਅਸੀਂ ਇਸ ਸਮੂਹ ਵਿਚੋਂ ਸਭ ਤੋਂ ਪਹਿਲਾਂ ਪੈਨਸਿਲਾਂ, ਫਿਰ ਰਬੜਾਂ ਅਤੇ ਫਿਰ ਸ਼ਾਪਨਰਾਂ ਨੂੰ ਵੱਖ ਕਰਾਂਗੇ।

ਅਸੀਂ ਸਾਰੀਆਂ ਪੈਨਸਿਲਾਂ, ਰਬੜਾਂ ਅਤੇ ਸ਼ਾਪਨਰਾਂ ਨੂੰ ਵੱਖ ਵੱਖ ਕਰ ਲਿਆ ਹੈ।






ਹੁਣ ਅਸੀਂ ਸਭ ਤੋਂ ਪਹਿਲਾਂ ਪੈਨਸਿਲਾਂ, ਫਿਰ ਰਬੜਾਂ ਅਤੇ ਫਿਰ ਸ਼ਾਪਨਰਾਂ ਦੀ ਗਿਣਤੀ ਕਰਾਂਗੇ।

ਗਿਣਤੀ ਕਰਨ ਉਪਰੰਤ ਅੰਕੜੇ ਨੂੰ ਦਰਸਾਉਣ ਲਈ ਬਲੈਕ ਬੋਰਡ ਤੇ ਅਧਿਆਪਕ ਦੁਆਰਾ ਸਾਰਣੀ ਹੇਠ ਲਿਖੇ ਅਨੁਸਾਰ ਬਣਾਈ ਜਾਂਦੀ ਹੈ ਅਤੇ ਬੱਚਿਆਂ ਤੋਂ ਪੁੱਛ ਕੇ ਸਾਰਣੀ ਵਿੱਚ ਪੈਨਸਿਲਾਂ, ਰਬੜਾਂ ਅਤੇ ਸ਼ਾਪਨਰਾਂ ਦੀ ਗਿਣਤੀ ਨੂੰ ਦਰਜ ਕੀਤਾ ਜਾਂਦਾ ਹੈ।

| | |
|---|---|
|  ਪੈਨਸਿਲਾਂ ਦੀ ਗਿਣਤੀ | |
|  ਰਬੜਾਂ ਦੀ ਗਿਣਤੀ | |
|  ਸ਼ਾਪਨਰਾਂ ਦੀ ਗਿਣਤੀ | |



**ਸੰਕੇਤ** ਪੈਨਸਿਲਾਂ, ਰਬੜਾਂ ਅਤੇ ਸ਼ਾਪਨਰਾਂ ਦੀ ਗਿਣਤੀ ਵੱਖ ਵੱਖ ਬੱਚਿਆਂ ਤੋਂ ਕਰਵਾਈ ਜਾਵੇ। ਵੱਧ ਤੋਂ ਵੱਧ ਬੱਚਿਆਂ ਨੂੰ ਗਤੀਵਿਧੀ ਵਿੱਚ ਸ਼ਾਮਿਲ ਕੀਤਾ ਜਾਵੇ। ਕੁੱਝ ਬੱਚਿਆਂ ਤੋਂ ਗਿਣਤੀ ਕੀਤੀਆਂ ਪੈਨਸਿਲਾਂ, ਰਬੜਾਂ ਅਤੇ ਸ਼ਾਪਨਰਾਂ ਦੀ ਗਿਣਤੀ ਨੂੰ ਚੈੱਕ ਕਰਵਾਇਆ ਜਾਵੇ। ਅਧਿਆਪਕ ਸਿਰਫ਼ ਅਗਵਾਈ ਕਰਨਗੇ।

## ਗਤੀਵਿਧੀ



ਬੱਚਿਓ ! ਤੁਹਾਡੇ ਬਸਤੇ ਵਿੱਚ ਅਸੀਂ ਪੈਨਸਿਲਾਂ, ਰਬੜਾਂ ਅਤੇ ਸ਼ਾਪਨਰਾਂ ਦੀ ਗਿਣਤੀ ਕਰ ਚੁੱਕੇ ਹਾਂ। ਤੁਹਾਡੇ ਬਸਤਿਆਂ ਵਿੱਚ ਇਹਨਾਂ ਤੋਂ ਇਲਾਵਾ ਹੋਰ ਕੀ-ਕੀ ਹੈ?

ਕਾਪੀਆਂ, ਕਿਤਾਬਾਂ



ਪਾਣੀ ਦੀ ਬੋਤਲ।



ਹੁਣ ਅਸੀਂ ਸਾਰੇ ਬਸਤਿਆਂ ਵਿਚੋਂ ਕਿਤਾਬਾਂ ਅਤੇ ਕਾਪੀਆਂ ਨੂੰ ਇਕੱਠਾ ਕਰਾਂਗੇ।



ਬੱਚੇ ਸਮੂਹ ਵਿਚ ਕਿਤਾਬਾਂ ਅਤੇ ਕਾਪੀਆਂ ਨੂੰ ਇਕੱਠਾ ਕਰ ਲੈਂਦੇ ਹਨ।




ਹੁਣ ਅਸੀਂ ਸਮੂਹ ਵਿੱਚ ਇਕੱਠੀਆਂ ਕੀਤੀਆਂ ਕਿਤਾਬਾਂ ਅਤੇ ਕਾਪੀਆਂ ਨੂੰ ਵੱਖਰਾ ਕਰਾਂਗੇ। ਇਸ ਤੋਂ ਉਪਰੰਤ ਵੱਖਰੀਆਂ ਕੀਤੀਆਂ ਕਿਤਾਬਾਂ ਅਤੇ ਕਾਪੀਆਂ ਵਿਚੋਂ ਸਭ ਤੋਂ ਪਹਿਲਾਂ ਕਿਤਾਬਾਂ ਨੂੰ ਅਤੇ ਬਾਅਦ ਵਿੱਚ ਕਾਪੀਆਂ ਨੂੰ ਗਿਣਾਂਗੇ।

ਬੱਚਿਆਂ ਦੁਆਰਾ ਕਿਤਾਬਾਂ ਅਤੇ ਕਾਪੀਆਂ ਗਿਣਨ ਤੋਂ ਬਾਅਦ ਅਧਿਆਪਕ ਬਲੈਕ ਬੋਰਡ 'ਤੇ ਸਾਰਣੀ ਬਣਾਉਂਦਾ ਹੈ ਅਤੇ ਬੱਚਿਆਂ ਤੋਂ ਪੁੱਛ ਕੇ ਸਾਰਣੀ ਵਿੱਚ ਹੇਠ ਲਿਖੇ ਅਨੁਸਾਰ ਅੰਕੜਾ (ਕਿਤਾਬਾਂ ਦੀ ਗਿਣਤੀ ਅਤੇ ਕਾਪੀਆਂ ਦੀ ਗਿਣਤੀ) ਭਰਦਾ ਹੈ।

| | |
|---|---|
| ਕਿਤਾਬਾਂ ਦੀ ਗਿਣਤੀ | |
| ਕਾਪੀਆਂ ਦੀ ਗਿਣਤੀ | |

**ਹੁਣ ਦੱਸੋ :**


ਕਿਤਾਬਾਂ ਅਤੇ ਕਾਪੀਆਂ ਵਿਚੋਂ ਕਿਸਦੀ ਗਿਣਤੀ ਜਿਆਦਾ ਹੈ ਅਤੇ ਕਿੰਨੀ ਜ਼ਿਆਦਾ ਹੈ?



**ਸੰਕੇਤ** ਅਧਿਆਪਕ ਵੱਲੋਂ ਸਮੂਹ ਵਿਚੋਂ ਕਿਤਾਬਾਂ ਅਤੇ ਕਾਪੀਆਂ ਨੂੰ ਬੱਚਿਆਂ ਤੋਂ ਵੱਖਰਾ ਕਰਵਾਇਆ ਜਾਵੇਗਾ।

## ਆਓ ਸਿੱਖੀਏ

1. ਹੇਠਾਂ ਦਿੱਤੀ ਤਸਵੀਰ ਵਿੱਚੋਂ ਚੱਕਰ '○' ਦੀ ਗਿਣਤੀ ਕਰੀਏ :



○ = 11


2. ਹੇਠਾਂ ਦਿੱਤੇ ਸਮੂਹ ਵਿੱਚੋਂ ਮੁੰਡਿਆਂ ਅਤੇ ਕੁੜੀਆਂ ਦੀ ਗਿਣਤੀ ਕਰੀਏ :



ਮੁੰਡਿਆਂ ਦੀ ਗਿਣਤੀ = 6    ਕੁੜੀਆਂ ਦੀ ਗਿਣਤੀ = 4

## ਆਓ ਕਰੀਏ

1. ਚਿੱਤਰ ਵਿੱਚ ਬਣੀਆਂ ਹੋਈਆਂ ਆਕ੍ਰਿਤੀਆਂ ਨੂੰ ਗਿਣ ਕੇ ਸਾਰਣੀ ਵਿੱਚ ਉਹਨਾਂ ਦੀ ਗਿਣਤੀ ਲਿਖੋ।






| | |
|---|---|
| ○ | |
| △ | |

ਜੋ ਆਕ੍ਰਿਤੀ ਸਭ ਤੋਂ ਵੱਧ ਵਾਰ ਆਈ ਹੈ, ਉਸਦਾ ਚਿੱਤਰ ਬਣਾਓ।

2. ਦਿਵਾਲੀ ਮੌਕੇ ਸਿਮਰਨ ਨੇ ਆਪਣੇ ਘਰ ਦੇ ਦਰਵਾਜ਼ੇ ਨੂੰ ਵੱਖੋ ਵੱਖਰੇ ਰੰਗਾਂ ਦੇ ਸਟਿੱਕਰ ਲਗਾ ਕੇ ਸਜਾਇਆ ਹੈ।




ਰੰਗ ਬਿਰੰਗੇ ਸਟਿੱਕਰਾਂ ਨੂੰ ਗਿਣੋ ਅਤੇ ਸਾਰਣੀ ਨੂੰ ਪੂਰਾ ਕਰੋ:

| ਸਟਿੱਕਰ | ਸੰਖਿਆ |
|---|---|
|  | |
|  | |
|  | |
|  | |


ਨੀਲੇ ਰੰਗ ਦਾ ਸਟਿੱਕਰ ਕਿੰਨੀ ਵਾਰ ਲਗਾਇਆ ਗਿਆ ਹੈ?

ਲਾਲ ਰੰਗ ਦਾ ਸਟਿੱਕਰ ਕਿੰਨੀ ਵਾਰ ਲਗਾਇਆ ਗਿਆ ਹੈ?





3. ਤਸਵੀਰ ਵਿੱਚ ਨਿਰਦੇਸ਼ ਅਨੁਸਾਰ ਰੰਗ ਭਰੋ:



ਨਿਰਦੇਸ਼:



4. ਉਪਰੋਕਤ ਪ੍ਰਸ਼ਨ 3 ਵਿੱਚ ਦਿੱਤੇ ਚਿੱਤਰ ਵਿੱਚ ਵੱਖ-ਵੱਖ ਆਕ੍ਰਿਤੀਆਂ ਨੂੰ ਗਿਣੋ ਅਤੇ ਸਾਰਣੀ ਨੂੰ ਪੂਰਾ ਕਰੋ:

| ਆਕ੍ਰਿਤੀ |  |  |  |  |
|---|---|---|---|---|
| ਸੰਖਿਆ | | | | |

ਹੁਣ ਦੱਸੋ:

(i) ਸਭ ਤੋਂ ਵੱਧ ਆਉਣ ਵਾਲੀ ਆਕ੍ਰਿਤੀ ਕਿਹੜੀ ਹੈ?

(ii) ਸਭ ਤੋਂ ਘੱਟ ਆਉਣ ਵਾਲੀ ਆਕ੍ਰਿਤੀ ਕਿਹੜੀ ਹੈ?



5. ਤਸਵੀਰ ਵੱਲ ਦੇਖ ਕੇ ਜਾਨਵਰਾਂ ਦੀ ਗਿਣਤੀ ਕਰੋ ਅਤੇ ਹੇਠਾਂ ਖਾਨੇ ਵਿੱਚ ਭਰੋ:

| | |
|---|---|
|  | |
|  | |
|  | |
|  | |
|  | |

6. ਪਹਿਲੀ ਜਮਾਤ ਦੀ ਖੇਡ ਦੀ ਘੰਟੀ ਚਲ ਰਹੀ ਸੀ। ਹੁਣ ਇਹਨਾਂ ਬੱਚਿਆਂ ਨੇ ਆਪਣੀ ਜਮਾਤ ਵਿੱਚ ਵਾਪਿਸ ਜਾਣਾ ਹੈ। ਅਧਿਆਪਕ ਬੱਚਿਆਂ ਦੇ ਨਾਮ ਲੈ ਕੇ ਉਹਨਾਂ ਨੂੰ ਜਮਾਤ ਵਿੱਚ ਬੁਲਾ ਰਹੇ ਹਨ। ਹਰੇਕ ਬੱਚੇ ਦੇ ਨਾਂ ਵਿੱਚ ਆਏ ਅੱਖਰਾਂ ਨੂੰ ਗਿਣੋ ਅਤੇ ਲਿਖੋ।

| ਬੱਚਿਆਂ ਦੇ ਨਾਂ | ਅੱਖਰਾਂ ਦੀ ਗਿਣਤੀ (ਲਗਾ ਮਾਤਰਾ ਤੋਂ ਬਿਨਾਂ) |
|---|---|
| ਕ ਮ ਲ | |
| ਜ ਸ ਕ ਰ ਨ | |
| ਧ ਵ ਨ | |
| ਹ ਰ ਮ ਨ ਜੋ ਤ | |
| ਹ ਰ ਲੀ ਨ | |
| ਸ ਤ ਵੰ ਤ | |
| ਨੂ ਰ | |

## ਹੁਣ ਦੱਸੋ

(i) ਤਿੰਨ ਅੱਖਰਾਂ ਵਾਲੇ ਕਿੰਨੇ ਨਾਮ ਹਨ?

(ii) ਚਾਰ ਅੱਖਰਾਂ ਵਾਲੇ ਕਿੰਨੇ ਨਾਮ ਹਨ?

(iii) ਛੇ ਅੱਖਰਾਂ ਵਾਲੇ ਕਿੰਨੇ ਨਾਮ ਹਨ?

(iv) ਉੱਪਰ ਲਿਖੇ ਨਾਵਾਂ ਵਿੱਚ 'ਨ' ਅੱਖਰ ਕਿੰਨੀ ਵਾਰ ਆਇਆ ਹੈ?

## ਪ੍ਰਯੋਗੀ ਕਿਰਿਆ

**ਉਦੇਸ਼:**

(1) ਜਮਾਤ ਵਿੱਚ ਬੱਚਿਆਂ ਦੇ ਸਮੂਹ ਵਿੱਚੋਂ ਮੁੰਡੇ ਅਤੇ ਕੁੜੀਆਂ ਨੂੰ ਵੱਖ ਵੱਖ ਕਰਨਾ।

(2) ਵੱਧ ਅਤੇ ਘੱਟ ਦੀ ਸਮਝ ਨੂੰ ਵਿਕਸਿਤ ਕਰਨਾ।

(3) ਗਿਣਤੀ ਕਰਨ ਦੇ ਮੌਕੇ ਪ੍ਰਦਾਨ ਕਰਨਾ।

**ਸਮੱਗਰੀ** : ਪੈਨਸਿਲ, ਕਾਪੀ, ਬਲੈਕ ਬੋਰਡ, ਚਾਕ

**ਵਿਧੀ** :

(1) ਪਹਿਲੀ ਜਮਾਤ ਦੇ ਬੱਚਿਆਂ ਨੂੰ ਇਕੱਠੇ ਸਮੂਹ ਵਿਚ ਬਿਠਾਇਆ ਜਾਂਦਾ ਹੈ।

(2) ਜਮਾਤ ਦੇ ਸਾਰੇ ਬੱਚਿਆਂ ਬਾਰੇ ਗੱਲਬਾਤ ਕਰਨਾ।

(3) ਗੱਲਬਾਤ ਕਰਨ ਤੋਂ ਬਾਅਦ ਅਧਿਆਪਕ ਬੱਚਿਆਂ ਦੇ ਸਮੂਹ ਵਿੱਚੋਂ ਮੁੰਡਿਆਂ ਨੂੰ ਵੱਖਰਾ ਅਤੇ ਕੁੜੀਆਂ ਨੂੰ ਵੱਖਰਾ ਹੋਣ ਲਈ ਕਹਿੰਦਾ ਹੈ।

(4) ਬੱਚਿਆਂ ਦੇ ਸਮੂਹ ਵਿਚੋਂ ਮੁੰਡੇ ਉੱਠ ਕੇ ਵੱਖਰਾ ਸਮੂਹ ਬਣਾ ਕੇ ਵੱਖਰਾ ਬੈਠ ਜਾਂਦੇ ਹਨ।

(5) ਹੁਣ ਅਧਿਆਪਕ ਹੇਠ ਲਿਖੇ ਅਨੁਸਾਰ ਸਾਰਣੀ ਬਲੈਕ ਬੋਰਡ 'ਤੇ ਬਣਾਉਂਦਾ ਹੈ ਅਤੇ ਬੱਚਿਆਂ ਨੂੰ ਕਾਪੀਆਂ ਵਿੱਚ ਸਾਰਣੀ ਬਣਾਉਣ ਲਈ ਕਹਿੰਦਾ ਹੈ।

| | |
|---|---|
| ਮੁੰਡਿਆਂ ਦੀ ਗਿਣਤੀ | |
| ਕੁੜੀਆਂ ਦੀ ਗਿਣਤੀ | |

(6) ਸਾਰਣੀ ਬਣਾਉਣ ਤੋਂ ਬਾਅਦ ਮੁੰਡਿਆਂ ਵਿੱਚੋਂ ਕਿਸੇ ਇੱਕ ਮੁੰਡੇ ਨੂੰ ਮੁੰਡਿਆਂ ਦੀ ਗਿਣਤੀ ਕਰਨ ਲਈ ਕਿਹਾ ਜਾਂਦਾ ਹੈ ਅਤੇ ਬਾਅਦ ਵਿੱਚ ਕਿਸੇ ਹੋਰ ਮੁੰਡੇ ਤੋਂ ਗਿਣਤੀ ਕਰਵਾ ਕੇ ਗਿਣਤੀ ਨੂੰ ਚੈੱਕ ਕਰਵਾਇਆ ਜਾਂਦਾ ਹੈ। ਇਸ ਉਪਰੰਤ ਗਿਣਤੀ ਨੂੰ ਸਾਰਣੀ ਵਿੱਚ ਲਿਖਿਆ ਜਾਂਦਾ ਹੈ।

(7) ਇਸੇ ਤਰ੍ਹਾਂ ਕਿਸੇ ਇੱਕ ਕੁੜੀ ਨੂੰ ਕੁੜੀਆਂ ਦੀ ਗਿਣਤੀ ਕਰਨ ਲਈ ਕਿਹਾ ਜਾਂਦਾ ਹੈ ਅਤੇ ਬਾਅਦ ਵਿੱਚ ਕਿਸੇ ਹੋਰ ਕੁੜੀ ਤੋਂ ਗਿਣਤੀ ਕਰਵਾ ਕੇ ਗਿਣਤੀ ਨੂੰ ਚੈੱਕ ਕਰਵਾਇਆ ਜਾਂਦਾ ਹੈ।ਉਪਰੰਤ ਗਿਣਤੀ ਨੂੰ ਸਾਰਣੀ ਵਿੱਚ ਲਿਖਿਆ ਜਾਂਦਾ ਹੈ।

ਸਿੱਟਾ ਜਾਂ ਪਰਿਣਾਮ ਕੱਢਣਾ :

(1) ਜਮਾਤ ਵਿੱਚ ਮੁੰਡਿਆਂ ਦੀ ਗਿਣਤੀ ਕਿੰਨੀ ਹੈ?


(2) ਜਮਾਤ ਵਿੱਚ ਕੁੜੀਆਂ ਦੀ ਗਿਣਤੀ ਕਿੰਨੀ ਹੈ?

(3) ਜਮਾਤ ਵਿੱਚ ..........ਜ਼ਿਆਦਾ ਹਨ। (ਮੁੰਡੇ/ਕੁੜੀਆਂ)

(4) ਜਮਾਤ ਵਿੱਚ ਕੁੱਲ ਕਿੰਨੇ ਬੱਚੇ ਹਨ?


(5) ਜਮਾਤ ਵਿੱਚ ......ਘੱਟ ਹਨ। (ਮੁੰਡੇ/ਕੁੜੀਆਂ)

## ਵਰਕਸ਼ੀਟ



1. ਉੱਪਰ ਦਿੱਤੇ ਚਿੱਤਰ ਵਿੱਚ ਤਿਕੋਣਾਂ (△) ਦੀ ਗਿਣਤੀ 4 ਹੈ। ( ✓ ਜਾਂ × ) :

2. ਹੇਠਾਂ ਦਿੱਤੇ ਚਿੱਤਰ ਨੂੰ ਦੇਖ ਕੇ ਅਗਲੇ ਪੰਨੇ 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :



ਠੀਕ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਓ:

**ਸੰਕੇਤ** ਅਧਿਆਪਕ ਕਾਰਜ ਦੀਆਂ ਪੱਟੀਆਂ ਨਾਲ ਬੱਚਿਆਂ ਦੀਆਂ ਬਾਹਾਂ ਦੀ ਲੰਬਾਈਆ ਦੇ ਅੰਕੜੇ ਇਕੱਠੇ ਕਰੇਗਾ ਅਤੇ ਬੱਚਿਆਂ ਨੂੰ ਉਹਨਾਂ ਦੀਆਂ ਬਾਹਾਂ ਦੀਆਂ ਲੰਬਾਈਆਂ (ਸਭ ਤੋਂ ਲੰਬੀ, ਸਭ ਤੋਂ ਛੋਟੀ, ਬਰਾਬਰ ਆਦਿ) ਸਬੰਧਤ ਸਵਾਲ ਪੁੱਛ ਕੇ ਸਿੱਟੇ ਕੱਢੇਗਾ।

(i) ਤਸਵੀਰ ਵਿੱਚ ਤਿਕੋਣਾਂ (△) ਦੀ ਗਿਣਤੀ ਕਿੰਨੀ ਹੈ ?

(a) 4 (b) 3 (c) 6 (d) 5

(ii) ਤਸਵੀਰ ਵਿੱਚ ਚੱਕਰਾਂ (○) ਦੀ ਗਿਣਤੀ ਕਿੰਨੀ ਹੈ?

(a) 5 (b) 3 (c) 7 (d) 4

(iii) ਤਸਵੀਰ ਵਿੱਚ ਵਰਗਾਂ ( □ ) ਦੀ ਗਿਣਤੀ ਕਿੰਨੀ ਹੈ?


(a) 7 (b) 6 (c) 3 (d) 2

(iv) ਤਸਵੀਰ ਵਿੱਚ ਸਭ ਤੋਂ ਘੱਟ ਗਿਣਤੀ ਕਿਸਦੀ ਹੈ?


(a) ○ (b) △ (c) □ (d) ਕੋਈ ਨਹੀਂ

4. ਫ਼ਲ ਦੇ ਨਾਂ BANANA ਵਿੱਚ ਅੱਖਰਾਂ ਦੀ ਗਿਣਤੀ ....... ਹੈ।

5. 'YELLOW' ਰੰਗ ਦੇ ਨਾਂ ਵਿੱਚ ਅੱਖਰਾਂ ਦੀ ਗਿਣਤੀ ....... ਹੈ।



# ਸਲਾਈਡਿੰਗ ਕਾਰਡ



# ਮਾਨ ਕਾਰਡ

1

2

3

4

5

80

90

10

20

30

40

50

60

70

6

7

8

9

100


भारतीय रिज़र्व बैंक
RESERVE BANK OF INDIA
0AD 753561
एक सौ रुपये